ਅੰਗਰੇਜ਼ੀ

**1-3 ਸਾਲ ਲਈ ਦਾਖਲੇ/ਪ੍ਰੋਗਰਾਮ ਵਿੱਚ ਰੱਖੇ ਜਾਣ ਦੇ ਨੋਟਿਸ ਦਾ ਨਮੂਨਾ** (105 ILCS 5/Art. 14C)

ਤਾਰੀਖ _______________________

ਪਿਆਰੇ ________________________

ਤੁਹਾਡਾ ਬੱਚੇ, ________________________, ਨੂੰ ਗ੍ਰੇਡ _____ ਵਿੱਚ ਆਪਣੀ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਦੀ (ACCESS/W-APT Screener) ਪ੍ਰੀਖਿਆ ਵਿੱਚ ਪ੍ਰਾਪਤ ਕੀਤੇ ਅੰਕਾਂ ਦੇ ਅਧਾਰ 'ਤੇ ਹੇਠਾਂ ਸਹੀ ਲਗਾਏ ਗਏ ਪ੍ਰੋਗਰਾਮ ਵਿੱਚ ਦਾਖਲ ਕੀਤਾ ਜਾਂਦਾ ਹੈ:

_____ ਪਰਿਵਰਤਨਸ਼ੀਲ ਦੋ-ਭਾਸ਼ੀ ਸਿੱਖਿਆ

_____ ਪਰਿਵਰਤਨਸ਼ੀਲ ਪੜ੍ਹਾਈ ਦਾ ਪ੍ਰੋਗਰਾਮ

_____ ਦੂਹਰੀ ਭਾਸ਼ਾ/ਦੋ-ਪਾਸੀ ਸਿੱਖਿਆ

_____ ਵਿਕਾਸਾਤਮਕ ਦੋ-ਭਾਸ਼ੀ ਸਿੱਖਿਆ

_____ ਨਿਊਕਮਰ ਪ੍ਰੋਗਰਾਮ

ਇਹ ਪ੍ਰੋਗਰਾਮ ਤੁਹਾਡੇ ਬੱਚੇ ਨੂੰ ਅੰਗਰੇਜ਼ੀ ਸਿੱਖਣ ਅਤੇ ਗ੍ਰੇਡ ਵਿੱਚ ਤਰੱਕੀ ਲਈ ਲੋੜੀਂਦੇ ਵਿਸ਼ਿਆਂ ਨੂੰ ਸਿੱਖਣ ਵਿੱਚ ਮਦਦ ਕਰੇਗਾ। ਸਾਡਾ ਮੰਨਣਾ ਹੈ ਕਿ ਇਹ ਪ੍ਰੋਗਰਾਮ ਤੁਹਾਡੇ ਬੱਚੇ ਦੀਆਂ ਪੜ੍ਹਾਈ ਸੰਬੰਧੀ ਲੋੜਾਂ ਨੂੰ ਪੂਰਾ ਕਰਨ ਅਤੇ ਸਕੂਲ ਵਿੱਚ ਅਕਾਦਮਿਕ ਸਫ਼ਲਤਾ ਨੂੰ ਉਤਸ਼ਾਹਤ ਕਰਨ ਲਈ ਬਿਹਤਰੀਨ ਚੋਣ ਹੈ। ਈਐਲਐਲ ਵਿਦਿਆਰਥੀਆਂ ਲਈ ਇਸ ਪ੍ਰੋਗਰਾਮ, ਅਤੇ ਨਾਲ ਹੀ ਹੋਰਨਾਂ ਪ੍ਰੋਗਰਾਮਾਂ ਬਾਰੇ ਜਾਣਕਾਰੀ, ਨੱਥੀ ਹੈ।

ਤੁਹਾਡੇ ਬੱਚੇ ਦੇ ਅੰਗਰੇਜ਼ੀ ਭਾਸ਼ਾ ਵਿੱਚ ਮੁਹਾਰਤ ਦੀ ਪ੍ਰੀਖਿਆ ਦੇ ਅੰਕ ਹੇਠਾਂ ਦਰਸਾਏ ਗਏ ਹਨ:

ਪ੍ਰੀਖਿਆ: _____ **W-APT** _____ **ELLs™ ਲਈ ACCESS**

| **ਜਾਂਚਿਆ ਗਿਆ ਖੇਤਰ** | **ਵਿਦਿਆਰਥੀ ਦੇ ਅੰਕ** | **ਮੁਹਾਰਤ ਦਾ ਪੱਧਰ 1-6** |
|---|---|---|
| ਸੁਣਨਾ | | |
| ਬੋਲਣਾ | | |
| ਪੜ੍ਹਨਾ | | |
| ਲਿਖਣਾ | | |
| ਰਲਵਾਂ-ਮਿਲਵਾਂ | | |

| **ਮੁਹਾਰਤ ਦਾ ਪੱਧਰ** | **ਅੰਗਰੇਜ਼ੀ ਦੀ ਮੁਹਾਰਤ ਦੇ ਪੱਧਰਾਂ ਦਾ ਬਿਓਰਾ** |
|---|---|
| 1 - ਪ੍ਰਵੇਸ਼ਕ | ਦ੍ਰਿਸ਼ਟੀਗਤ ਸਹਾਇਤਾ ਨਾਲ ਘੱਟੋ-ਘੱਟ ਸਮਾਜਕ ਭਾਸ਼ਾ ਅਤੇ ਘੱਟੋ-ਘੱਟ ਅਕਾਦਮਿਕ ਭਾਸ਼ਾ ਨੂੰ ਜਾਣਦਾ/ਜਾਣਦੀ ਹੈ ਅਤੇ ਉਸ ਦੀ ਵਰਤੋਂ ਕਰਦਾ/ਕਰਦੀ ਹੈ। |
| 2 - ਅਰੰਭਕ | ਦ੍ਰਿਸ਼ਟੀਗਤ ਸਹਾਇਤਾ ਨਾਲ ਕੁਝ ਸਮਾਜਕ ਅੰਗਰੇਜ਼ੀ ਅਤੇ ਆਮ ਅਕਾਦਮਿਕ ਭਾਸ਼ਾ ਨੂੰ ਜਾਣਦਾ/ਜਾਣਦੀ ਹੈ ਅਤੇ ਉਸ ਦੀ ਵਰਤੋਂ ਕਰਦਾ/ਕਰਦੀ ਹੈ। |
| 3 - ਵਿਕਾਸਸ਼ੀਲ | ਦ੍ਰਿਸ਼ਟੀਗਤ ਸਹਾਇਤਾ ਨਾਲ ਸਮਾਜਕ ਅੰਗਰੇਜ਼ੀ ਅਤੇ ਖਾਸ ਅਕਾਦਮਿਕ ਭਾਸ਼ਾ ਨੂੰ ਜਾਣਦਾ/ਜਾਣਦੀ ਹੈ ਅਤੇ ਉਸ ਦੀ ਵਰਤੋਂ ਕਰਦਾ/ਕਰਦੀ ਹੈ। |
| 4 - ਵਿਸਤਾਰਸ਼ੀਲ | ਸਮਾਜਕ ਅੰਗਰੇਜੀ ਅਤੇ ਕੁਝ ਤਕਨੀਕੀ ਅਕਾਦਮਿਕ ਭਾਸ਼ਾ ਨੂੰ ਜਾਣਦਾ/ਜਾਣਦੀ ਹੈ ਅਤੇ ਉਸ ਦੀ ਵਰਤੋਂ ਕਰਦਾ/ਕਰਦੀ ਹੈ। |
| 5 - ਮੇਲਣਾ | ਗ੍ਰੇਡ ਪੱਧਰ ਦੀ ਸਮੱਗਰੀ ਨਾਲ ਸਮਾਜਕ ਅਤੇ ਅਕਾਦਮਿਕ ਭਾਸ਼ਾ ਬਾਰੇ ਜਾਣਦਾ/ਜਾਣਦੀ ਹੈ ਅਤੇ ਇਸਦੀ ਵਰਤੋਂ ਕਰਦਾ/ਕਰਦੀ ਹੈ। |
| 6 - ਪਹੁੰਚਣਾ | ਇਸ ਪ੍ਰੀਖਿਆ ਦੁਆਰਾ ਜਾਂਚੇ ਜਾਂਦੇ ਸਭ ਤੋਂ ਉੱਚੇ ਪੱਧਰ 'ਤੇ ਸਮਾਜਕ ਅਤੇ ਅਕਾਦਮਿਕ ਭਾਸ਼ਾ ਬਾਰੇ ਜਾਣਦਾ/ਜਾਣਦੀ ਹੈ ਅਤੇ ਇਸਦੀ ਵਰਤੋਂ ਕਰਦਾ/ਕਰਦੀ ਹੈ। |

ਤੁਸੀਂ ਇਸ ਦਾਖਲੇ ਨੂੰ ਸਵੀਕਾਰ ਜਾਂ ਅਸਵੀਕਾਰ ਕਰ ਸਕਦੇ ਹੋ। ਇਸ ਦਾਖਲੇ ਨੂੰ ਸਵੀਕਾਰ ਕਰਨ ਲਈ ਤੁਹਾਨੂੰ ਕੁਝ ਵੀ ਕਰਨ ਦੀ ਲੋੜ ਨਹੀਂ ਹੈ।
ਇਕ ਮਾਤਾ-ਪਿਤਾ ਵਜੋਂ, ਤੁਹਾਨੂੰ ਇਹ ਅਧਿਕਾਰ ਹੈ ਕਿ:

- ਤੁਸੀਂ ਉਹਨਾਂ ਕਲਾਸਾਂ ਵਿੱਚ ਜਾਓ ਜਿਹਨਾਂ ਵਿੱਚ ਤੁਹਾਡਾ ਬੱਚਾ ਦਾਖਲ ਹੈ ਅਤੇ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲੈਣ ਲਈ ਸਟਾਫ਼ ਨੂੰ ਮਿਲੋ।
- ਤੁਸੀਂ ਕਿਸੇ ਪ੍ਰੋਗਰਾਮ ਵਿੱਚ ਦਾਖਲੇ ਤੋਂ ਇਨਕਾਰ ਕਰ ਦਿਓ, ਆਪਣੇ ਬੱਚੇ ਨੂੰ ਤੁਰੰਤ ਪ੍ਰੋਗਰਾਮ ਤੋਂ ਕੱਢ ਲਓ, ਜਾਂ ਜੇ ਉਪਲਬਧ ਹੋਵੇ ਤਾਂ ਕੋਈ ਹੋਰ ਪ੍ਰੋਗਰਾਮ ਚੁਣ ਲਓ। ਤੁਸੀਂ ਅਜਿਹੀ ਕਾਰਵਾਈ ਆਪਣੇ ਬੱਚੇ ਦੇ ਸਕੂਲ ਨੂੰ ਇੱਕ ਚਿੱਠੀ ਭੇਜ ਕੇ ਕਰ ਸਕਦੇ ਹੋ। ਸੁਝਾਏ ਗਏ ਪ੍ਰੋਗਰਾਮ ਨੂੰ ਅਸਵੀਕਾਰ ਕਰਨ ਦਾ ਮਤਲਬ ਹੋਵੇਗਾ ਕਿ ਤੁਹਾਡੇ ਬੱਚੇ ਨੂੰ ਕਿਸੇ ਅਜਿਹੇ ਪ੍ਰੋਗਰਾਮ ਵਿੱਚ ਰੱਖਿਆ ਜਾ ਸਕਦਾ ਹੈ ਜਿੱਥੇ ਅੰਗਰੇਜ਼ੀ ਪੜ੍ਹਾਈ ਦੀ ਪ੍ਰਮੁੱਖ ਭਾਸ਼ਾ ਹੋਵੇ।

-------------------------------------------------
ਸਕੂਲ ਪ੍ਰਬੰਧਕ